ਰਾਜ ਰਿਸ਼ੀ ਅਮੋਘ ਵਰਸ਼ ਰਚਿੱਤ ਦੋ ਛੋਟੇ ਸੰਸਕ੍ਰਿਤ ਗ੍ਰੰਥ

# ਪ੍ਰਸ਼ਨੋਤਰ ਰਤਨਮਾਲਿਕਾ

ਅਤੇ

# ਅਪ੍ਰ ਪ੍ਰਸ਼ਨੋਤਰ ਵਾਰਤਾ ਮਾਲਿਕਾ




## ਪ੍ਰੇਰਿਕਾ :- ਉਪ ਪ੍ਰਵਤਨੀ

## ਜੈਨ ਸਾਧਵੀ ਸ੍ਰੀ ਸਵਰਨ ਕਾਂਤਾ ਜੀ ਮਹਾਰਾਜ

ਪੰਜਾਬੀ ਅਨੁਵਾਦਕ

ਰਵਿੰਦਰ ਜੈਨ ਪੁਰਸ਼ੋਤਮ ਜੈਨ

ਅਰ੍ਹੰ

# ਅਨੁਵਾਦਕ ਵਲੋਂ :-

ਜੈਨ ਧਰਮ ਗਰੰਥ ਭਾਰਤ ਦੀ ਹਰ ਭਾਸ਼ਾ ਵਿਚ ਤੇ ਹਰ ਪ੍ਰਾਂਤ ਵਿਚ ਮਿਲਦੇ ਹਨ। ਭਾਵੇਂ ਜੈਨ ਗਰੰਥਾਂ ਦੀ ਭਾਸ਼ਾਂ ਉਸ ਸਮੇਂ ਦੀ ਲੋਕ ਭਾਸ਼ਾ ਅਰਧ ਮਾਗਧੀ ਪ੍ਰਕ੍ਰਿਤ ਰਹੀ ਹੈ, ਫੇਰ ਵੀ ਜੈਨ ਮੁਨੀਆਂ ਤੇ ਜੈਨ ਉਪਾਸ਼ਕਾਂ ਨੇ ਸ਼ੰਸਕ੍ਰਿਤ ਭਾਸ਼ਾ ਵਿਚ ਮਹਾਨ ਸਾਹਿਤ ਰਚਿਆ ਹੈ ਜੋ ਜੀਵਨ ਦੇ ਭਿੰਨ 2 ਪਹਿਲੂਆਂ ਨਾਲ ਸੰਬਧਿਤ ਹੈ।

ਇਹ 2 ਪੁਸਤਕਾਂ ਰਾਜਾ ਅਮੋਘ ਵਰਸ਼ ਰਾਂਹੀ ਖੋਜੀਆਂ ਸਚਾਈਆਂ ਦੇ ਮੋਤੀ ਹਨ। ਹਰ ਪ੍ਰਸ਼ਨ ਆਮ ਮਨੁਖ ਦੀ ਜਿੰਦਗੀ ਦਾ ਸੰਖੇਪ ਹੱਲ ਪੇਸ਼ ਕਰਦਾ ਹੈ। ਰਾਜਾ ਅਮੋਘ ਵਰਸ਼ ਦਾ ਸਮਾ ਸ਼ਿਲਾ ਲੇਖਾਂ ਅਨੁਸਾਰ ਵਿਕਰਮ ਸੰਮਤ 954 ਦੇ ਕਰੀਬ ਹੈ। ਭਾਵੇਂ ਇਸ ਨਾਂ ਦੇ ਹੋਰ ਵੀ ਕਈ ਰਾਜੇ ਵੀ ਹੋ ਚੁੱਕੇ ਹਨ। ਅਮੋਘ ਵਰਸ਼ ਵਾਰੇ ਇਨਾਂ ਹੀ ਪਤਾ ਚਲਦਾ ਹੈ। ਇਹ ਰਾਠੌਰ ਵੰਸ ਦਾ ਰਾਜਾ ਸੀ ਇਸ ਨੇ 60 ਸਾਲ ਦੀ ਉਮਰ ਵਿਚ ਜੈਨ ਸਾਧੂ ਜੀਵਨ ਅੰਗੀਕਾਰ ਕੀਤਾ। ਇਹ ਕਈ ਭਾਸ਼ਾਵਾਂ ਦਾ ਵਿਦਵਾਨ ਸੀ

ਇਸ ਪੁਸਤਕ ਦੀ ਜਰੂਰਤ ਨੂੰ ਸਮਝਦੇ ਹੋਏ ਪਹਿਲੀ ਪੰਜਾਬੀ ਜੈਨ ਸਾਧਵੀ ਲੇਖਿਕਾ, ਉਪਪ੍ਰਵਰਤਨੀ ਸ੍ਰੀ ਸਵਰਨ ਕਾਂਤਾ ਜੀ ਮਹਾਰਾਜ ਜੀ ਨੇ ਸਾਨੂੰ ਪਰੇਰਣਾ ਦਿਤੀ ਕਿ ਇਸ ਲੋਕ ਉਪਕਾਰੀ ਛੋਟੇ ਗਰੰਥਾਂ ਦਾ ਪੰਜਾਬੀ ਅਨੁਵਾਦ ਕੀਤਾ ਜਾਵੇ। ਸੋ ਅਸੀ ਆਪਣੀ ਗੁਰੁਣੀ ਦਾ ਹੁਕਮ ਪ੍ਰਵਾਨ ਕੀਤਾ। ਅਸੀ ਇਹ ਪੁਸਤਕ ਆਪਣੀ ਗੁਰੁਣੀ ਜੀ ਦੇ ਕਰ ਕਮਲਾਂ ਵਿਚ ਭੇਂਟ ਕਰਦੇ ਹੋਏ ਖੁਸ਼ੀ ਮਹਿਸੂਸ ਕਰਦੇ ਹਾਂ ਅਤੇ ਪੁਸਤਕ ਛਪਾਈ ਵਿਚ ਗਲਤੀ ਲਈ ਖਿਮਾਂ ਚਾਹੁੰਦੇ ਹਾਂ।

" ਸ਼ੁਭਚਿੰਤਕ "

10 ਨਵੰਬਰ 1987
ਮੰਡੀ ਗੋਬਿੰਦਗੜ੍ਹ ( ਪਟਿਆਲਾ )

ਰਵਿੰਦਰ ਜੈਨ
ਪੁਰਸ਼ੋਤਮ ਜੈਨ

Printed By :- M. Kay - J. Kay Printers (MLK.)

# ਰਾਜਰਿਸ਼ੀ ਅਮੋਘ ਵਰਸ਼ ਰਚਿਤ ਸੰਸਕ੍ਰਿਤ
# ਪ੍ਰਸ਼ਨੋਤਰ ਰਤਨ ਮਾਲਿਕਾ

ਭਵਨਵਾਸੀ, ਕਲਪਵਾਸੀ, ਸਵਰਗਾਂ ਦੇ ਦੇਵਤੇ ਤੇ ਮਨੁੱਖ ਰਾਹੀ ਬੰਦਨਯੋਗ ਦੇਵਾਧਿਦੇਵ ਵਰਮਾਨ ਸ੍ਰੀ ਵੀਰ ਨਾਥ ਨੂੰ ਨਮਸਕਾਰ ਕਰਕੇ ਮੈਂ ਪ੍ਰਸ਼ਨੋਂ ਉੱਤਰ ਮਾਲਿਕਾ ਨੂੰ ਸ਼ੁਰੂ ਕਰਦਾ ਹਾਂ "1"

ਪ੍ਰਤਖ ਤੇ ਆਗਮ ਵਿਚ ਆਖੇ ਗਏ, ਪਦਾਰਥਾਂ ਨੂੰ ਜਾਨਣ ਵਿਚ ਐਸਾ ਕੋਣ ਚਤੁਰ ਪੁਰਖ ਹੈ ? ਜੋ ਗਲੇ ਵਿਚ ਧਾਰਣਯੋਗ ਇਸ ਪਵਿੱਤਰ ਗੰਥ ਨਾਲ ਆਪਣਾ ਸ਼ਿੰਗਾਰ ਨਾਂ ਕਰੇ "2"

ਪ੍ਰਸ਼ਨ :- ਹੇ ਭਗਵਾਨ! ਇਸ ਸੰਸਾਰ ਵਿਚ ਗ੍ਰਹਿਣ ਕਰਨ ਯੋਗ ਕੀ ਵਸਤੂ ਹੈ
ਉੱਤਰ :- ਗੁਰੂ ਦੇ ਚੰਗੇ ਬਚਨ।

ਪ੍ਰਸ਼ਨ :- ਤਿਆਗ ਕਰਨ ਯੋਗ ਵਸਤੂ ਕੀ ਹੈ ?
ਉੱਤਰ :- ਨਿੰਦਾ ਯੋਗ ਕੰਮ।

ਪ੍ਰਸ਼ਨ :- ਗੁਰੂ ਕੌਣ ਹੈ ?
ਉੱਤਰ :- ਜੋ ਹਮੇਸ਼ਾ ਜੀਵਾਂ ਦੇ ਭਲੇ ਲਈ ਤਿਆਰ ਰਹੇ ਅਤੇ ਸੰਪੂਰਣ ਤੱਤਵਾਂ ਦਾ ਜਾਣਕਾਰ ਹੋਵੇ "3"

ਪ੍ਰਸ਼ਨ :- ਵਿਦਵਾਨਾਂ ਨੂੰ ਕਿਹੜਾ ਕੰਮ ਛੇਤੀ ਕਰ ਲੈਣਾ ਚਾਹੀਦਾ ਹੈ ?
ਉੱਤਰ :- ਸਸਾਰ ਕਾਰਣ ਜਨਮ ਮਰਨ ਦੇ ਚੱਕਰ ਦਾ ਨਾਸ਼ ਕਰਨਾ ਚਾਹੀਦਾ ਹੈ।

ਪ੍ਰਸ਼ਨ :- ਮੋਕਸ਼ ਰੂਪੀ ਦਰਖਤ ਦਾ ਬੀਜ ਕੀ ਹੈ ?
ਉੱਤਰ :- ਸਮਿਅੱਕ (ਸਹੀ) ਚਾਰਿੱਤਰ ਸਮੇਤ, ਸਮਿਅੱਕ ਗਿਆਨ ਹੀ ਹੈ। ਪਰ ਸਮਿਅੱਕ ਦਰਸ਼ਨ ਦੇ ਸਮਿਅੱਕ ਗਿਆਨ ਹੀ ਮੁਸ਼ਕਲ ਹੈ। ਪਰ ਸਮਿਅੱਕ ਦਰਸ਼ਨ ਦੇ ਸਮਿਅੱਕ ਗਿਆਨ ਦੋਹੇ ਇਕਠੇ ਰਹਿੰਦੇ ਹਨ। ਬਿਨਾਂ ਸਮਿਅੱਕ ਦਰਸ਼ਨ ਤੇ ਸਮਿਅੱਕ ਗਿਆਨ ਮੁਸ਼ਕਿਲ ਹੈ। ਇਸੇ ਲਈ ਸਮਿਅੱਕ ਦਰਸ਼ਨ ਆਖਣ ਤੇ ਸਮਿਅਕ ਗਿਆਨ ਵੀ ਸਮਝ ਲੈਣਾ ਚਾਹੀਦਾ ਹੈ। ਦਰਅਸਲ ਸਮਿਅੱਕ ਦਰਸ਼ਨ, ਸਮਿਅੱਕ ਗਿਆਨ, ਚਰਿੱਤਰ ਰੂਪ ਤਿੰਨ ਰਤਨ ਹੀ ਮੋਕਸ਼ਰੂਪੀ ਦਰਖਤ ਦੇ ਬੀਜ ਹਨ। "4"

ਪ੍ਰਸ਼ਨ :- ਪਰਲੋਕ ਦੇ ਯਾਤਰੀਆਂ ਦੇ ਰਾਹ ਦਾ ਸਹਾਰਾ ਕੀ ਹੈ ?
ਉੱਤਰ :- ਇਕੱਲਾ ਧਰਮ।
ਪ੍ਰਸ਼ਨ :- ਸੰਸਾਰ ਵਿਚ ਪਵਿੱਤਰ ਕੌਣ ਹੈ ?
ਉੱਤਰ :- ਜਿਸ ਦਾ ਮਨ ਸ਼ੁੱਧ ਹੈ।
ਪ੍ਰਸ਼ਨ :- ਪੰਡਿਤ ਕੌਣ ਹੈ ?
ਉੱਤਰ :- ਜਿਸ ਨੂੰ ਭਲੇ, ਬੁਰੇ ਦਾ ਗਿਆਨ ਹੈ।
ਪ੍ਰਸ਼ਨ :- ਜਹਿਰ ਕੀ ਹੈ ?
ਉੱਤਰ :- ਗੁਰੂ ਦਾ ਅਪਮਾਨ।
ਪ੍ਰਸ਼ਨ :- ਸੰਸਾਰ ਦਾ ਸਾਰ ਕੀ ਹੈ ?
ਉੱਤਰ :- ਮਨੁੱਖ ਜੂਨ ਵਿਚ ਜਨਮ ਲੇਕੇ ਸਾਰੇ ਤੱਤਵ ਨੂੰ ਜਾਨਣਾ ਤੇ ਪੜਨਾ ਅਪਣੇ ਤੇ ਦੂਸਰੇ ਦੇ ਭਲੇ ਲਈ ਤਿਆਰ ਰਹਿਣਾ ਹੀ ਸਾਰ ਦਾ ਹੈ। ਜਿਸ ਬਾਰੇ ਬਹੁਤ ਵਾਰ ਸੋਚ ਕੇ ਅਚਾਰਿਆਂ (ਧਰਮ ਗੁਰੂਆਂ) ਨੂੰ ਫਰਮਾਇਆ ਹੈ "6"
ਪ੍ਰਸ਼ਨ :- ਸ਼ਰਾਬ ਦੀ ਤਰ੍ਹਾਂ ਮੋਹ ਨੂੰ ਪੈਦਾ ਕਰਨ ਵਾਲਾ ਕੌਣ ਹੈ ?
ਉੱਤਰ :- ਸੰਸਾਰਿਕ ਪਰੇਮ।
ਪ੍ਰਸ਼ਨ :- ਇਸ ਜੀਭ ਦੇ ਰਤਨਾਂ ਨੂੰ ਚੋਰੀ ਕਰਨ ਵਾਲਾ ਕੌਣ ਹੈ ?
ਉੱਤਰ :- ਇੰਦਰੀਆਂ ਦੇ ਵਿਸ਼ੇ (ਵਰਨ, ਗੰਧ, ਰਸ, ਸੰਪਰਸ਼, ਸਬਦ)।
ਪ੍ਰਸ਼ਨ :- ਸੰਸਾਰ ਵਿਚ ਵਾਧਾ ਕਰਨ ਵਾਲੀ ਕੇਹੜੀ ਗੱਲ ਹੈ ?
ਉੱਤਰ :- ਭੋਗਾਂ ਨੂੰ ਤ੍ਰਿਪਤ ਕਰਨ ਦੀ ਇੱਛਾ।
ਪ੍ਰਸ਼ਨ :- ਜੀਵ ਦਾ ਦੁਸਮਣ ਕੌਣ ਹੈ ?
ਉੱਤਤ :- ਕਿਸੇ ਪ੍ਰਕਾਰ ਦੀ ਮਿਹਨਤ ਨਾ ਕਰਨ ਵਾਲਾ ਅਰਥਾਤ ਆਲਸ ਹੀ ਮਨੁੱਖ ਦਾ ਦੁਸ਼ਮਨ ਹੈ। "7"
ਪ੍ਰਸ਼ਨ :- ਸੰਸਾਰ ਵਿੱਚ ਡਰ ਕਿਸ ਤੋਂ ਹੁੰਦਾ ਹੈ ?

ਟਿੱਪਣੀ 6 :- ਤੱਤਵ ਨੌਂ ਹਨ (1) ਜੀਵ (2) ਅਜੀਵ (3) ਪੁੰਨ (4) ਪਾਪ (5) ਅਸ਼ਰਵ (6) ਸੰਬਰ (7) ਬੰਧ (8) ਨਿਰਜਾਗਾ (9) ਮੋਕਸ਼।

ਉੱਤਰ :- ਮੌਤ ਦਾ ਡਰ ਸਭ ਤੋਂ ਬੜਾ ਡਰ ਹੁੰਦਾ ਹੈ ।

ਪ੍ਰਸ਼ਨ :- ਅੱਨੇ ਤੋਂ ਬੜਾ ਅੱਨਾ ਕੌਣ ਹੈ ?

ਉੱਤਰ :- ਰਾਗੀ ਜੀਵ ।

ਪ੍ਰਸ਼ਨ :- ਸੂਰਵੀਰ ਕੌਣ ਹੈ ?

ਉੱਤਰ :- ਜੋ ਪੁਰਸ਼ ਇਸਤਰੀ ਦੇ ਅੱਖ ਦੇ ਵਾਰ ਦੀ ਪਰਵਾਹ ਨਹੀ ਕਰਦਾ

"8"

ਪ੍ਰਸ਼ਨ :- ਕਰਨ ਰਸ ਅੰਜੁਲੀ ਅਮਰਿਤ, ਸਮਾਨ ਕਿਹੜਾ ਪਦਾਰਥ ਪੀਣ ਯੋਗ ਹੈ ।

ਉੱਤਰ :- ਚੰਗਾ ਉਪਦੇਸ਼ ।

ਪ੍ਰਸ਼ਨ :- ਗੰਭੀਰਤਾ ਦੀ ਜੜ ਕੀ ਹੈ ?

ਉੱਤਰ :- ਜੋ ਮਨੁੱਖ ਕਦੇ ਵੀ ਆਪਣੇ ਲਈ ਕਿਸੇ ਪ੍ਰਕਾਰ ਦੀ ਵਸਤੂ ਨਹੀਂ ਮੰਗਦਾ, ਇਹੋ ਗੰਭੀਰਤਾ ਹੈ ।

"9"

ਪ੍ਰਸ਼ਨ :- ਇਸ ਸੰਸਾਰ ਵਿਚ ਮੁਸ਼ਕਿਲ ਨਾਲ ਜਾਨਣ ਯੋਗ ਕੀ ਹੈ ?

ਉੱਤਰ :- ਇਸਤਰੀ ਦਾ ਚਾਲ ਚਲਣ ।

ਪ੍ਰਸ਼ਨ :- ਵਿਵੇਕੀ ਮਨੁੱਖ ਕੌਣ ਹੈ ?

ਉੱਤਰ :- ਜੋ ਇਸਤਰੀਆ ਦੇ ਚਰਿੱਤਰ ਨੂੰ ਵੇਖ ਕੇ ਵੀ ਪ੍ਰਭਵਿਤ ਨਹੀਂ ਹੁੰਦਾ

ਪ੍ਰਸ਼ਨ :- ਦਰਿਦਰਤਾ ਕੀ ਹੈ ?

ਉੱਤਰ :- ਸੰਤੋਖ ਦਾ ਨਾਂ ਹੋਣਾ ਹੀ ਦਰਿਦਰਤਾ ਹੈ ।

ਪ੍ਰਸ਼ਨ :- ਨੀਚਤਾ ਕੀ ਹੈ ?

ਉੱਤਰਾ :- ਆਪਣੇ ਲਈ, ਹੋਰ ਤਾਂ ਮੰਗਣਾ ਹੀ ਮਹਾ ਨੀਚਤਾ ਹੈ ?

"10"

ਪ੍ਰਸ਼ਨ :- ਸੰਸਾਰ ਵਿਚ ਕੇਹੜਾ ਜਿਉਂਦਾ ਹੈ ?

ਉੱਤਰ :- ਜੋ ਪਾਪ ਰਹਿਤ ਜਿਉਂਦਾ ਹੈ ਉਸ ਦਾ ਜਿਉਣਾ ਹੀ ਜੀਵਨ ਹੈ ।

ਪ੍ਰਸ਼ਨ :- ਕਮਲ ਦੇ ਪੱਤੇ ਤੇ ਮੋਮ ਦੀ ਬੂੰਦ ਦੀ ਤਰ੍ਹਾਂ ਚੰਚਲ ਕੌਣ ਹੈ ?

ਉੱਤਰ :- ਜਵਾਨੀ, ਸੰਪਤੀ ਅਤੇ ਉਮਰ ।

ਪ੍ਰਸ਼ਨ :- ਚੰਦਰਮਾਂ ਦੀ ਕਿਰਨਾਂ ਦੇ ਸਮੂਹ ਦੀ ਤਰ੍ਹਾਂ ਚੰਦਰਮਾਂ ਸਮਾਨ ਠੰਡਾ

ਤੇ ਸੁਖ ਦੇਣ ਵਾਲਾ ਕੌਣ ਹੈ ?

ਉੱਤਰ :- ਸੱਜਣ ਪੁਰਖ ।

ਪ੍ਰਸ਼ਨ :- ਮੂਰਖਤਾ ਕੀ ਹੈ ? "11"

ਉੱਤਰ :- ਚਤੁਰ ਹੋਣ ਤੇ ਵੀ ਨਾ ਪੜ੍ਹਨਾਂ, ਮੂਰਖਤਾ ਹੈ।

ਪ੍ਰਸ਼ਨ :- ਕੌਣ ਜਾਗਦਾ ਹੈ ?

ਉੱਤਰ :- ਬੁੱਧੀਮਾਨ ।

ਪ੍ਰਸ਼ਨ :- ਨਿੰਦਨ ਯੋਗ ਕੀ ਹੈ ?

ਉੱਤਰ :- ਮੂਰਖਤਾ । "12"

ਪ੍ਰਸ਼ਨ :- ਨਰਕ ਕੀ ਹੈ ?

ਉੱਤਰ :- ਪਰ ਅਧੀਨਤਾ ।

ਪ੍ਰਸ਼ਨ :- ਸੁਖ ਕੀ ਹੈ ?

ਉੱਤਰ :- ਸਾਰੇ ਪਰਿਗ੍ਰਹਿ(ਸੰਗ੍ਰਹਿ) ਨੂੰ ਛੱਡ ਕੇ ਆਤਮਾ ਵਿਚ ਹੀ ਲੀਨ ਰਹਿਣਾ ਸੁੱਚਾ ਸੁਖ ਹੈ ?

ਪ੍ਰਸ਼ਨ :- ਸੱਚਾਈ ਕਿ ਹੈ ?

ਉਤਰ :- ਪ੍ਰਾਣੀ ਮਾਤਰ ਦਾ ਭਲਾ ਹੀ ਸੱਚਾਈ ਹੈ ।

ਪ੍ਰਸ਼ਨ :- ਪ੍ਰਾਣੀਆਂ ਨੂੰ ਕਿਹੜੀ ਚੀਜ ਪਿਆਰੀ ਹੈ ?

ਉੱਤਰ :- ਪ੍ਰਾਣੀਆਂ ਨੂੰ ਆਪਣੇ ਪ੍ਰਾਣ ਪਿਆਰੇ ਹਨ ।

ਪ੍ਰਸ਼ਨ ;- ਦਾਨ ਕੀ ਹੈ ?

ਉਤਰ :- ਜੋ ਕਿਸੇ ਇੱਛਾ ਤੋਂ ਬਿਨਾਂ ਦਿੱਤਾ ਜਾਵੇ।

ਪ੍ਰਸ਼ਨ :- ਮਿੱਤਰ ਕੌਣ ਹੈ ?

ਉੱਤਰ :- ਜੋ ਮਨੁੱਖ ਪਾਪ ਤੋਂ ਰਖਿਆ ਕਰੇ ਉਹ ਹੀ ਸੱਚਾ ਮਿੱਤਰ ਹੈ।

ਪ੍ਰਸ਼ਨ :- ਮਨੁੱਖ ਦਾ ਗਹਿਣਾ ਕੀ ਹੈ ?

ਉੱਤਰ :- ਬ੍ਰਹਮ ਚਰਜ (ਸ਼ੀਲ) ।

ਪ੍ਰਸ਼ਨ :- ਜੁਬਾਨ ਦਾ ਗਹਿਣਾ ਕੀ ਹੈ ?

ਉੱਤਰ :- ਸੱਚ ਬੋਲਣਾ। "14"

ਪ੍ਰਸ਼ਨ :- ਅਨੱਰਥ ਦਾ ਕੀ ਫਲ ਹੈ ?

ਉੱਤਰ :- ਮਨ ਦਾ ਕਬੂ ਨਾ ਰਹਿਣਾ ਅਨਰਥ ਦਾ ਫਲ ਹੈ।
ਪ੍ਰਸ਼ਨ :- ਸੁਖ ਦੇਣ ਵਾਲੀ ਕਿਹੜੀ ਵਸਤੂ ਹੈ?
ਉਤਰ :- ਮਿੱਤਰਤਾ।

ਪ੍ਰਸਨ :- ਸਾਰੇ ਦੁਖਾਂ ਦਾ ਨਾਸ ਕਰਨ ਵਿਚ ਕੌਣ ਚਤੁਰ ਹੈ?
ਉੱਤਰ :- ਪਰਿਗ੍ਰਹਿ ਆਦਿ ਦੁੱਖਾਂ ਦਾ ਤਿਆਗ ਕਰਨ ਵਾਲਾ ਅਤੇ ਬੁਰਾਈਆਂ ਤੋਂ ਛੁਟਕਾਰਾ ਪਾਉਂਣ ਵਾਲਾ। "15"

ਪ੍ਰਸ਼ਨ :- ਅੰਨ੍ਹਾਂ ਕੌਣ ਹੈ?
ਉੱਤਰ :- ਜੋ ਮਨੁੱਖ ਦੂਸਰਿਆਂ ਦੀ ਨਿੰਦਾ ਕਰਨ ਯੋਗ ਕੰਮਾਂ ਵਿਚ ਰੁਝਿਆ ਹੋਇਆ ਹੈ।

ਪ੍ਰਸ਼ਨ :- ਬੋਲਾ ਕੌਣ ਹੈ?
ਉੱਤਰ :- ਜੋ ਮਨੁੱਖ ਆਪਣੇ ਹੀ ਭਲੇ ਦੀ ਗੱਲ ਨਹੀਂ ਸੁਣਦਾ।
ਪ੍ਰਸ਼ਨ :- ਗੂੰਗਾ ਕੌਣ ਹੈ?
ਉੱਤਰ :- ਜੋ ਮਨੁੱਖ ਸਮਾਂ ਪੈਣ ਤੇ ਵੀ ਬੋਲਣਾਂ ਨਹੀਂ ਜਾਣਦਾ ਉਹ ਉਹ ਗੂੰਗਾ ਹੈ। "16"

ਪ੍ਰਸ਼ਨ :- ਮੌਤ ਕੀ ਹੈ?
ਉੱਤਰ ;- ਜਿਸ ਮਨੁੱਖ ਵਿਚ ਮੂਰਖਤਾ ਭਰੀ ਪਈ ਹੈ, ਇਹੋ ਮੌਤ ਹੈ।

ਪ੍ਰਸ਼ਨ :- ਅਮੁੱਲ ਕੀ ਹੈ?
ਉੱਤਰ :- ਮੌਕਾ ਆਉਣ ਤੇ ਦਿੱਤਾ ਦਾਨ ਹੀ ਅਮੁੱਲ ਹੈ।

ਪ੍ਰਸ਼ਨ :- ਮੌਤ ਦੇ ਸਮੇਂ, ਸੂਈਂ ਦੀ ਤਰਾਂ ਦਿਲ ਵਿਚ ਚੁਭਨ ਵਾਲੀ ਚੀਜ ਕੀ ਹੈ?
ਉੱਤਰ :- ਉਹ ਭੈੜਾ ਕੰਮ, ਜੋ ਗੁਪਤ ਢੰਗ ਨਾਲ ਕੀਤਾ ਜਾਵੇ। "17"

ਪ੍ਰਸ਼ਨ :- ਕਿਸ ਵਿਸ਼ੇ ਵਿਚ ਕੋਸ਼ਿਸ ਕਰਨੀ ਚਾਹੀਦੀ ਹੈ?
ਉੱਤਰ :- ਵਿਦਿਆਂ ਦੇ ਅਭਿਆਸ ਅਤੇ ਸ਼ੁਧ ਦਵਾਈਆਂ ਦਾਨ ਵਿਚ ਹਮੇਸ਼ਾ ਕੋਸ਼ਿਸ਼ ਕਰਨੀ ਚਾਹੀਦੀ ਹੈ।

ਪ੍ਰਸ਼ਨ :- ਕਿਹੜੇ 2 ਕੰਮ ਨਿੰਦਾ ਕਰਨ ਯੋਗ ਹਨ?

ਉੱਤਰ :- ਦੁਸ਼ਟ ਮਨੁੱਖ, ਪਰਾਈ ਇਸਤਰੀ ਅਤੇ ਪੈਸਾ। "18"

ਪ੍ਰਸ਼ਨ :- ਰਾਤ ਦਿਨ ਕਿਸ ਦਾ ਚਿੰਨਤ ਕਰਨਾ ਚਾਹੀਦਾ ਹੈ ?

ਉੱਤਰ :- ਸੰਸਾਰ ਦੀ ਅਸਾਰਤਾ ਦਾ (ਨਾਸ਼ਵਾਨ) ਹਮੇਸ਼ਾ ਚਿੰਨਤ ਕਰਨਾ ਚਾਹੀਦਾ ਹੈ। ਕਿਸੇ ਔਰਤ ਦੇ ਰੂਪ ਦਾ ਨਹੀਂ।

ਪ੍ਰਸ਼ਨ :- ਸੰਸਾਰ ਵਿਚ ਆਪਣਾ ਪਿਆਰਾ ਕਿਸ ਨੂੰ ਬਣਾਉਂਣਾ ਚਾਹੀਦਾ ?

ਉੱਤਰ :- ਰਹਿਮ, ਚਤੁਰਤਾ ਅਤੇ ਮਿੱਤਰਤਾ। "19"

ਪ੍ਰਸ਼ਨ :- ਗੱਲ ਵਿਚ ਪ੍ਰਾਣ ਅਟਕਣ ਦੀ ਸਥਿਤੀ ਵਿਚ ਵੀ ਆਪਨੇ ਆਪ ਨੂੰ ਕਿਸ ਦੀ ਗੁਲਾਮੀ ਤੋਂ ਬਚਾਉਂਣਾ ਚਾਹੀਦਾ ਹੈ ?

ਉਤਰ :- ਮੂਰਸ਼ ਪੁਰਸ਼, ਦੁਖੀ, ਅਭਿਮਾਨੀ, ਉਪਕਾਰ ਨਾ ਮੰਨਣ ਵਾਲੇ ਪੁਰਸ਼ ਦੇ ਅਧੀਨ ਆਪਣੇ ਆਪ ਨੂੰ ਕਰਨਾ ਚਾਹੀਦਾ ਹੈ "20"

ਪ੍ਰਸ਼ਨ :- ਪੂਜ ਕੌਣ ਹੈ ?

ਉੱਤਰ :- ਚਾਰਿੱਤਰ ਵਾਨ।

ਪ੍ਰਸ਼ਨ :- ਧਨ ਹੀਣ ਕੌਣ ਹੈ ?

ਉੱਤਰ :- ਜੋ ਨਿਅਮਾਂ ਨੂੰ ਲਕੇ ਭੰਗ ਕਰਦਾ ਹੈ।

ਪ੍ਰਸਨ :- ਇਸ ਸੰਸਾਰ ਨੂੰ ਕਿਸਨੇ ਜਿੱਤਿਆ ?

ਉੱਤਰ :- ਸੱਚੇ ਅਤੇ ਸਾਂਤ ਵਿਰਤੀ ਵਾਲੇ ਮਨੁਖ ਨੇ ਹੀ ਸੰਸਾਰ ਨੂੰ ਜਿੱਤਿਆ ਹੈ। "21"

ਪ੍ਰਸ਼ਨ :- ਦੇਵਤਾ ਲੋਕ ਕਿਸ ਨੂੰ ਨਮਸਕਾਰ ਕਰਦੇ ਹਨ ?

ਉੱਤਰ :- ਦਿਆਲੂ ਮਨੁਖ ਨੂੰ ਦੇਵਤੇ ਵੀ ਨਮਸਕਾਰ ਕਰਦੇ ਹਨ।

ਪ੍ਰਸ਼ਨ :- ਸੰਸਾਰ ਵਿਚ ਕਿਸ ਤੋਂ ਡਰਨਾ ਚਾਹੀਦਾ ਹੈ ?

ਉੱਤਰ :- ਬੁੱਧੀਮਾਨ ਮਨੁਖ ਨੂੰ ਸੰਸਾਰ ਰੂਪੀ ਜੰਗਲ ਦੇ ਡਰ ਤੋਂ ਡਰਨਾ ਚਾਹੀਦਾ ਹੈ ? "22"

ਪ੍ਰਸ਼ਨ :- ਸਾਰੇ ਮਨੁਖ ਕਿਸਦੇ ਵਸ ਵਿਚ ਹਨ ?

ਉੱਤਰ :- ਸੱਚੇ, ਅਤੇ ਮਿੱਠਾ ਬੋਲਣ ਵਾਲੇ ਤੇ ਨਰਮ ਮਨੁਖ ਦੇ ਵਸ ਵਿਚ ਸਾਰੇ ਮਨੁਖ ਰਹਿੰਦੇ ਹਨ।

ਪ੍ਰਸ਼ਨ :- ਕਿਸ ਜਗ੍ਹਾ ਠਹਿਰਨਾ ਠੀਕ ਹੈ ?

ਉੱਤਰ :- ਪੁੰਨ ਆਦਿ ਲਾਭ ਦੇ ਲਈ, ਨਿਆਂ ਦੇ ਰਾਹ ਵਿਚ ਠਹਿਰਨਾ ਚਾਹੀਦਾ ਹੈ। "23"

ਪ੍ਰਸ਼ਨ :- ਬਿਜਲੀ ਦੀ ਚਮਕ ਦੀ ਤਰਾਂ ਕੀ ਚੰਚਲ ਹੈ ?

ਉੱਤਰ :- ਦੁਸ਼ਟ ਮਨੁਖਾਂ ਦੀ ਸੰਗਤ ਅਤੇ ਔਰਤਾਂ ਨਾਲ ਹਾਸ ਮਜ਼ਾਕ।

ਪ੍ਰਸ਼ਨ :- ਇਸ ਕਲਜੁਗ ਵਿਚ ਪਰਵਤ ਦੀ ਤਰਾਂ ਅਡੋਲ ਕੌਣ ਹੈ ?

ਉੱਤਰ :- ਸੱਜਣ ਪੁਰਸ਼। "24"

ਪ੍ਰਸ਼ਨ :- ਇਸ ਸੰਸਾਰ ਵਿਚ ਦੁਖ ਪ੍ਰਗਟ ਕਰਨ ਯੋਗ ਕੀ ਹੈ ?

ਉੱਤਰ :- ਕੰਜੂਸੀ।

ਪ੍ਰਸ਼ਨ :- ਐਸ਼ੋ ਆਰਾਮ ਹੁੰਦੇ ਹੋਏ ਵੀ ਕਿਹੜੀ ਚੀਜ ਪ੍ਰਸੰਸਾ ਯੋਗ ਹੈ ?

ਉੱਤਰ :- ਦਿਆਉਲਤਾ।

ਪ੍ਰਸ਼ਨ :- ਧਨਹੀਣ ਦੀ ਕਿਹੜੀ ਵਸਤੂ ਪ੍ਰਸ਼ੰਸਾ ਯੋਗ ਹੈ ?

ਉੱਤਰ :- ਸ਼ਹਿਨਸੀਲਤਾ (ਖਿਮਾ)। "25"

ਪ੍ਰਸ਼ਨ :- ਇਸ ਸੰਸਾਰ ਵਿਚ ਚਿੰਤਾਮਨੀ ਰਤਨ ਦੀ ਤਰਾਂ ਦੁਰਲਭ ਕੀ ਹੈ ?

ਉੱਤਰ :- ਮੈਂ ਨਿਸ਼ਚੈ ਪੂਰਵਕ ਆਖਦਾ ਹਾਂ। ਇਸ ਸੰਸਾਰ ਵਿਚ 4 ਪ੍ਰਕਾਰ ਦੀ ਭਦਰਤਾ ਦੁਰਲੱਭ ਹੈ।

ਪ੍ਰਸ਼ਨ :- ਜਿਨਾਂ ਦਾ ਅਗਿਆਨ ਰੂਪੀ ਹਨੇਰਾ ਦੂਰ ਹੋ ਗਿਆ ਹੈ ਅਜਿਹੇ ਚਾਰ ਭਦਰਾਂ ਦਾ ਸਵਰੂਪ ਕੀ ਹੈ ? "26"

ਉੱਤਰ :- ਇਸ ਸੰਸਾਰ ਵਿਚ ਇਹ ਚਾਰ ਭੱਦਰ ਬੜੇ ਮੁਸਕਿਲ ਹਨ (1) ਮਿੱਠ ਬਚਨਾਂ ਨਾਲ ਦਾਨ ਦੇਣਾਂ (2) ਗਿਆਨ ਹੁੰਦੇ ਹੰਕਾਰ ਨਾ ਕਰਨਾ (3) ਬਹਾਦਰ ਹੁੰਦੇ ਹੋਏ ਖਿਮਾਂ ਧਾਰਨ ਕਰਨਾ (4) ਧੰਨ ਹੰਦੇ ਹੋਏ, ਲਗਾਤਰ ਦਾਨ ਦਿੰਦੇ ਰਹਿਣਾ। "27"

ਜੇਹੜੇ ਮਨੁਖਾਂ ਦੇ ਗਲੇ ਵਿਚ ਨਿਰਮਲ ਪ੍ਰਸਨੋਤਰ ਰੂਪੀ ਮਾਲਾ ਰਹਿਦੀ ਹੈ ਉਹ ਮਨੁਖ ਗਹਿਣੇ ਨਾ ਹੋਣ ਦੇ ਬਾਵਜੂਦ ਵਿਦਵਾਨਾਂ ਦੀ ਸਭਾ ਵਿਚ ਇੱਜਤ ਪ੍ਰਾਪਤ ਕਰਦੇ ਹਨ। "28"

ਜਿਸ ਨੇ ਵਿਵੇਕ ਦੇ ਕਾਰਣ ਰਾਜ ਛਡਿਆ, ਅਜੇਹੇ ਅਮੋਘ ਰਿਸ਼ੀ (ਰਾਜਾ) ਸਾਧੂ ਨੇ ਸੱਜਣਾਂ ਦੇ ਲਈ ਉਤਮ ਭੂਸ਼ਨ ਇਹ ਰਤਨ ਮਾਲਾ ਦੀ ਰਚਨਾ ਕੀਤੀ।

# ਅਪਰਾ ਪ੍ਰਸ਼ਨੋਤਰ ਵਾਰਤਾ ਮਾਲੀਕਾ

ਪ੍ਰਸ਼ਨ :- ਹੇ ਭਗਵਾਨ ! ਸੰਸਾਰ ਵਿਚ ਉਪਾਸਨਾ ਯੋਗ ਕੌਣ ਹੈ ?

ਉੱਤਰ :- ਰਤਨ ਤਰੈ (ਸਮਿਅੱਕ ਗਿਆਨ, ਸਮਿਅੱਕ ਦਰਸ਼ਨ ਤੇ ਸਮਿਅੱਕ ਚਾਰਿੱਤਰ ਦੇ ਤੇਜ ਨਾਲ ਪ੍ਰਕਾਸ਼ਮਾਨ ਆਪਣਾਂ ਆਤਮ ਤੱਤਵ, ਜਿਨੇਂਦਰ ਭਗਵਾਨ ਦਾ ਸੱਚਾ ਰੂਪ ਅਤੇ ਸਿੱਧਾ ਦਾ ਧਿਆਨ। "1"

ਪ੍ਰਸ਼ਨ :- ਇਸ ਸੰਸਾਰ ਵਿਚ ਦੇਵਤਾ ਕੌਨ ਹੈ ?

ਉੱਤਰ :- ਜੋ 18 ਪਾਪਾ ਤੋਂ ਮੁਕਤ ਹੈ ਅਤੇ ਸੰਪੂਰਣ ਪਦਾਰਥ (ਜੀਵ ਅਜੀਵ ਦਾ ਜਾਣ ਕਾਰ ਹੈ।

ਪ੍ਰਸ਼ਨ :- ਸ਼ਾਸਤਰ ਕੀ ਹੈ ?

ਉੱਤਰ :- ਜਿਸ ਨੂੰ ਉਪਰੋਕਤ ਗੁਣਾਂ ਵਾਲ, ਸਰਵਗਿਆਨੀ ਅਰਿਹੰਤਾ ਨੇ ਕਿਹਾ ਹੈ। ਉਹ ਹੀ ਸ਼ਾਸਤਰ ਹੈ।

ਪ੍ਰਸ਼ਨ :- ਗੁਰੂ ਕੌਣ ਹੈ ?

ਉੱਤਰ :- ਜਿਨਾਂ ਦੀ ਵਿਰਤੀ, ਵਿਸ਼ੇ ਵਾਸਨਾਵਾਂ ਵਲ ਨਹੀ, ਜੋ ਪਰਿਗ੍ਰਹਿ ਤੋਂ ਰਹਿਤ ਹੈ, ਜੋ ਆਪਣੇ ਆਤਮਾਂ ਸਵਰੂਪ ਵਿਚ ਸਥਿਤ ਹੈ ਉਹ ਹੀ ਗੁਰੂ ਹੈ। "2"

ਪ੍ਰਸ਼ਨ :- ਸੰਸਾਰ ਵਿਚ ਦੁਰਲਭ ਕੌਣ ?

ਉੱਤਰ :- ਮਨੁਖ ਦਾ ਜਨਮ।

ਪ੍ਰਸ਼ਨ :- ਮਨੁਖ ਦਾ ਜਨਮ ਪਾ ਕੇ ਸਾਨੂੰ ਕੀ ਕਰਨਾ ਚਾਹੀਦਾ ਹੈ ?

ਉੱਤਰ :- ਅਪਣੀ ਆਤਮਾਂ ਦਾ ਕਲਿਆਣ, ਪਾਪਕਾਰੀ ਪਰਿਗਹਿ ਦਾ ਤਿਆਗ ਅਤੇ ਗੁਰੂ ਦੇ ਬਚਨਾਂ ਨਾਲ ਪਰੇਮ ਕਰਨਾ। "3"

ਪ੍ਰਸ਼ਨ :- ਮੋਕਸ਼ ਕੀ ਹੈ ?

ਉੱਤਰ :- ਸਾਰੇ ਕਰਮਾਂ ਦਾ ਖਾਤਮਾ ਹੀ ਮੋਕਸ਼ ਹੈ।

ਪ੍ਰਸ਼ਨ :- ਮੋਕਸ਼ ਦੀ ਪ੍ਰਾਪਤੀ ਦਾ ਰਾਹ ਕੀ ਹੈ ?

ਉੱਤਰ :- ਸਮਿਅੱਕ ਦਰਸ਼ਨ, ਸਮਿਅੱਕ ਗਿਆਨ ਤੇ ਸਮਿਅੱਕ ਚਾਰਿੱਤਰ ਹੀ ਮੋਕਸ਼ ਦਾ ਰਾਹ ਹੈ।

ਪ੍ਰਸ਼ਨ :- ਮੋਕਸ਼ ਵਿਚ ਕਿਨ੍ਹਾਂ ਸੁਖ ਹੈ ?

ਉੱਤਰ :- ਇਸ ਸੁਖ ਦਾ ਕੋਈ ਸ਼ੁਰੂ ਤੇ ਅਖੀਰ ਨਹੀਂ। "3"

ਪ੍ਰਸ਼ਨ :- ਹਿੰਸਾ ਦੀ ਜੜ ਕੀ ਹੈ ?

ਉੱਤਰ :- ਕਰੋਧ ।

ਪ੍ਰਸ਼ਨ :- ਖੁਦ ਨੂੰ ਤੇ ਦੂਸਰਿਆਂ ਨੂੰ ਠੱਗਨ ਵਾਲੀ ਕੀ ਵਸਤੂ ਹੈ ?

ਉੱਤਰ :- ਮਾਇਆ (ਛਲ, ਕਪਟ,)

ਪ੍ਰਸ਼ਨ :- ਗੁਰੂਆਂ ਦੇ ਆਦਰ ਸਤਿਕਾਰ ਦੀ ਉਲੰਘਣਾ ਕਰਨ ਵਾਲਾ ਕਰਨ ਵਾਲਾ ਕੌਣ ਹੈ ?

ਉੱਤਰ :- ਦੁਸ਼ਟ ਵਿਰਤੀ ਤੇ ਮਨੁੱਖ ਦਾ ਅਹੰਕਾਰ। "5"

ਪ੍ਰਸ਼ਨ :- ਅਨੱਰਥ ਦਾ ਕਾਰਣ ਕੀ ਹੈ ?

ਉੱਤਰ :- ਲਾਲਚ ।

ਪ੍ਰਸ਼ਨ :- ਗਹਿਣਾ ਕੀ ਹੈ ?

ਉੱਤਰ :- ਬ੍ਰਹਮਚਰਜ।

ਪ੍ਰਸ਼ਨ :- ਮਹਿਮਾ ਕੀ ਹੈ ?

ਉੱਤਰ :- ਬੁੱਧੀ ਅਤੇ ਗਿਆਨ।

ਪ੍ਰਸ਼ਨ :- ਵਿਚਾਰਸ਼ੀਲਤਾ ਕੀ ਹੈ ?

ਉੱਤਰ :- ਵਰਤਾ ਦਾ ਪਾਲਣ ਕਰਨਾ ਹੀ ਵਿਚਾਰ ਸ਼ੀਲਤਾ ਹੈ। "6"

ਪ੍ਰਸ਼ਨ :- ਮਨ ਵਿਚ ਕਦੇ ਵੀ ਯਾਦ ਨਾ ਰੱਖਣ ਯੋਗ ਕੌਣ ਹੈ ?

ਉੱਤਰ :- ਪਰਾਈ ਇਸਤਰੀ, ਪਰਾਇਆ ਧੰਨ, ਦੂਸਰਿਆਂ ਰਾਹੀਂ ਕੀਤਾ ਧੋਖਾ ।

ਪ੍ਰਸ਼ਨ :- ਕਿਹੜੇ ਬਚਨ ਬੋਲਣੇ ਚਾਹੀਦੇ ਹਨ ?

ਉੱਤਰ :- ਜੋ ਕਠੋਰ, ਦੁਖ ਦੇਣ ਵਾਲੇ ਨਾ ਹੋਣ, ਅਤੇ ਕੌੜੇ ਨਾ ਹੋਣ "7"

ਪ੍ਰਸ਼ਨ :- ਹਮੇਸ਼ਾ ਤਿਆਗ ਕਰਨ ਯੋਗ ਕੀ ਹੈ ?

ਉੱਤਰ :- ਕਿਸੇ ਦੀ ਚੁਗਲੀ, 2) ਸੱਤ ਕੁਵਯਸ਼ਨ ( ਮਾਸ ਖਾਣਾ, ਜੂਆ ਸ਼ਰਾਬ, ਸ਼ਿਕਾਰ, ਚੋਰੀ, ਪਰ ਇਸਤਰੀ, ਵੇਸ਼ਯਾ) ਅਸਹਿਨਸ਼ਲਤਾ।

ਪ੍ਰਸ਼ਨ :- ਨਾ ਕਰਨ ਯੋਗ ਕੀ ਹੈ ?

ਉੱਤਰ :- ਜੋ ਕੰਮ ਪਰਲੋਕ ਦੇ ਵਿਰੁੱਧ ਅਤੇ ਮਨ ਦਾ ਬੁਰਾ ਕਰਨ ਵਾਲਾ ਹੈ ਉਹ ਨਹੀਂ ਕਰਨਾ ਚਾਹੀਦਾ। "8"

ਪ੍ਰਸ਼ਨ :- ਬਿਜਲੀ ਦੀ ਤਰ੍ਹਾਂ ਚੰਚਲ ਕੌਣ ਹੈ ?

ਉੱਤਰ :- ਧੰਨ ਸੰਪਤੀ।

ਪ੍ਰਸ਼ਨ :- ਚੰਗੀ ਕਵਿਤਾ ਦੀ ਤਰ੍ਹਾਂ ਕੀ ਪ੍ਰਸ਼ੰਸਾ ਯੋਗ ਹੈ ?

ਉੱਤਰ :- ਅਜੇਹਾ ਜੀਵਨ ਪ੍ਰਸ਼ੰਸਾ ਯੋਗ ਹੈ ਜੋ ਪਾਪ ਰਹਿਤ ਹੈ। ਕਲੰਕ ਰਹਿਤ ਅਤੇ ਯਸ਼ (ਸ਼ੋਹਰਤ) ਨਾਲ ਭਰਿਆ ਹੈ "9"

ਪ੍ਰਸ਼ਨ :- ਹਰ ਰੋਜ ਕੀ ਕਰਨਾ ਯੋਗ ਕੰਮ ਹੈ ? "10"

ਉੱਤਰ :- ਜਿਨੇਂਦਰ ਭਗਵਾਨ ਦੀ ਪੂਜਾ, ਸਮਾਇਕ, ਗੁਰੂ ਗੁਣ ਉਪਾਸਨਾ ਤਿੰਨ ਪ੍ਰਕਾਰ ਦੇ ਪਾਤਰਾਂ (ਵਰਤੀ, ਅਵਰਤੀ ਤੇ ਸਮਿਕੱਤਵੀ) ਨੂੰ ਦਾਨ ਦੇਣਾ ਅਤੇ ਖੁਸ਼ੀ ਨਾਲ ਸ਼ਾਸਤਰਾਂ ਦਾ ਅਧਿਐਨ ਕਰਨਾ

---

ਟਿੱਪਣੀ :- 2 ਪਾਪ 18 ਹਨ।
1) ਹਿੰਸਾ 2) ਝੂਠ 3) ਚੋਰੀ 4) ਅਬ੍ਰਹਮਚਰੀਆ (ਚਾਰਿੱਤਰ ਹੀਣਤਾ) 5) ਪਰਿਗ੍ਰਹਿ 6) ਕਰੋਧ 7) ਮਾਣ 8) ਮਾਇਆ (ਧੋਖਾ) 9) ਲੋਭ 10) ਰਾਗ (ਲਗਾਓ) 11) ਦਵੇਸ਼ (ਨਫਰਤ) 12) ਕਲਸ਼ 13) ਆਪਅਖਿਆਨ (ਝੂਠਾ ਦੋਸ਼ ਲਾਉਣਾ) 14) ਚੁਗਲੀ ਕਰਨਾਂ 15) ਪਰਾਈ ਨਿੰਦਾ 16) ਰਤਿ ਅਰਤਿ (ਪਾਪ ਵਿਚ ਰੁਚੀ ਅਤੇ ਧਰਮ ਤੋਂ ਨਫਰਤ) 17) ਮਾਇਆ ਮਰਿਸ਼ਾਵਾਦ (ਧੋਖਾ ਕਰਕੇ ਝੂਠ ਬੋਲਣਾ) 18) ਮਿਥਿਆ ਦਰਸ਼ਨ (ਝੂਠੇ ਧਾਰਮਿਕ ਵਿਸ਼ਵਾਸ)

ਟਿੱਪਣੀ :- 6 ਵਰਤ ਪੰਜ ਹਨ। 1) ਅਹਿੰਸਾ 2) ਸੱਚ 3) ਚੋਰੀ ਨਾ ਕਰਨਾ 4) ਜਰੂਰਤ ਤੋਂ ਵੱਧ ਸੰਗ੍ਰਹਿ ਕਰਨਾ 5) ਬ੍ਰਹਮਚਰਜ ਸਾਧੂ ਦੇ ਵਰਤ ਮਹਾਂਵਰਤ ਤੇ ਗ੍ਰਹਿਸਥੀ ਦੇ ਅਣੂਵਰਤ ਅਖਾਵਉਂਦੇ ਹਨ।

ਟਿੱਪਣੀ :- 10 ਪੰਜ ਮਹਾਂਵਰਤ ਜਾਂ ਅਣੂਵਰਤਾਂ ਦਾ ਧਾਰਕ ਵਰਤੀ ਨਾ ਧਾਰਕ ਅਵਰਤੀ ਹੈ। ਅਰਿਹੰਤ ਦੇਵ, ਸੱਚੇ ਗੁਰੂ ਤੇ ਧਰਮ ਤੇ ਸ਼ਰਧਾ ਰੱਖਨ ਵਾਲਾ ਸਮਿਅੱਕਤਵੀ ਹੈ ਅਚਾਰੰਗ ਆਦਿ 11 ਅੰਗ ਸ਼ਾਸਤਰ ਹਨ। 48 ਮਿਟ ਲਈ ਅਰਿਹੰਤ ਸਿੱਧਾਂ ਦੇ ਗੁਣਾਂ ਦਾ ਧਿਆਨ ਅਤੇ ਪਾਪਾਂ ਤੋਂ ਬਚਣਾਂ ਹੀ ਸਮਾਇਕ ਹੈ।